देवानां भद्रा सुमतिर्ऋजूयताम्।। ऋ० १/८९/२

Impact Factor
7.523

ISSN : 2395-7115
नवम्बर 2024
Vol.-20, Issue-5(1)

# Bohal Shodh Manjusha

AN INTERNATIONAL PEER REVIEWED, REFEREED MULTIDISCIPLINARY
& MULTIPLE LANGUAGES RESEARCH JOURNAL
UGC Valid Journal (The Gazette of India, Extraordinary Part III, Section 4, Dated July 18, 2018)

## वैश्वीकरण के दौर में बदलती सामाजिक व्यवस्था

Guru Nanak Girls College
Sant Pura, Yamuna Nagar

विशेषांक सम्पादक :
डॉ. गीतू खन्ना,
डॉ. अमनदीप कौर

सम्पादक :
डॉ. नरेश सिहाग
एडवोकेट

Publisher :
Gugan Ram Educational & Social Welfare Society (Regd.)
202, Old Housing Board, Bhiwani, Haryana-127021

Scanned with OKEN Scanner
Scanned with OKEN Scanner

# अनुक्रमाणिका – नवम्बर 2024


| क्र. | विषय | लेखक | पृष्ठ |
|---|---|---|---|
| 1. | सम्पादकीय | डॉ. गीतू खन्ना, डॉ. अमनदीप कौर | 11–11 |
| 2. | शुभकामना संदेश | | 12–15 |
| 3. | हिन्दी साहित्य में नारी चित्रण | डॉ. गीतू खन्ना | 16–22 |
| 4. | वैश्वीकरण के दौर में भारतीय शिक्षा संस्कृति और साहित्य | डॉ. शक्ति बुढ़िराजा | 23–27 |
| 5. | वैश्वीकरण के दौर में साहित्य में चित्रित परिवर्तित होता पारिवारिक ढांचा | डॉ. अंजू बाला | 28–35 |
| 6. | वैश्वीकरण का अवधारणात्मक विकास व महिला सशक्तिकरण | संदीप कौर | 36–39 |
| 7. | वैश्वीकरण के दौर में विखंडित होते जीवन और मानवीय मूल्य : हिन्दी उपन्यासों के सन्दर्भ में | डॉ. अमनदीप कौर | 40–45 |
| 8. | वैश्वीकरण के दौर में साहित्य में वर्णित वर्तमान भारतीय शिक्षा व्यवस्था | मिस दीपमाला | 46–50 |
| 9. | वैश्वीकरणसमये वेदनिहितसामाजिकसिद्धान्तविचारः | अजित कुमार नायक | 51–54 |
| 10. | साहित्य में वैश्वीकरण का प्रभाव : शरद जोशी और रवींद्रनाथ त्यागी के व्यंग्यात्मक दृष्टिकोण का विश्लेषण | अर्चना बारस्कर | 55–60 |
| 11. | वैश्वीकरण के दौर में विखण्डित होते जीवन मूल्य 'गिलिगडु' उपन्यास के संदर्भ में | बीना मीणा | 61–64 |
| 12. | वैश्वीकरण के दौर में दिविक रमेश के बाल कथा साहित्य में चित्रित बाल समस्याएं | दीपिका चौहान, डॉ. रीता सिंह | 65–69 |
| 13. | वैश्वीकरण के दौर में साहित्य में वर्णित वर्तमान भारतीय शिक्षा व्यवस्था | धीरेंद्र प्रताप सिंह गौर | 70–76 |
| 14. | The Impact of Technology on Mental Health of Young Adults : A Systematic Review | Ms. Divya Rathi, Dr. Nirupma Saini, Dr. Vandana Singh | 77-84 |
| 15. | वैश्वीकरण के दौर में साहित्य में वर्णित वर्तमान भारतीय शिक्षा व्यवस्था | डॉ आदित्य प्रकाश | 85–89 |
| 16. | वैश्वीकरण के दौर में साहित्य में वर्णित वर्तमान भारतीय शिक्षा व्यवस्था | डॉ. अमिता रेढू | 90–97 |
| 17. | भूमण्डलीकरण और हिन्दी भाषा | डॉ० चन्द्रा खत्री, डॉ० आशा हर्बोला | 98–100 |




Scanned with OKEN Scanner
Scanned with OKEN Scanner

| | | | |
|---|---|---|---|
| 18. | वैश्वीकरण के दौर में साहित्य में वर्णित दलित उद्भावना | डॉ. दलीप कुमार | 101–107 |
| 19. | वैश्वीकरण के दौर में साहित्य में चित्रित नारी की दशा | डॉ. दीप्ति | 108–112 |
| 20. | वैश्वीकरण के दौर में स्त्री विमर्श और स्त्री लेखन : समकालीन हिंदी कथा साहित्य के संदर्भ में अध्ययन | डॉ. गोपीराम शर्मा | 113–119 |
| 21. | वैश्वीकरण के दौर में साहित्य में वर्णित नारी की दशा | डॉ. गुरमीत कौर | 120–121 |
| 22. | वैश्वीकरण के दौर में साहित्य में वर्णित प्रवास का दर्द | डॉ. जैस्मीन पटनायक | 122–128 |
| 23. | वैश्वीकरण के दौर में साहित्य में नारी की दशा | डॉ. ममता कुंवर | 129–134 |
| 24. | वैश्वीकरण एवं जनजातीय कल्याण | डॉ.(श्रीमती)मंजुलता कश्यप | 135–139 |
| 25. | Effect of Globalization on Sports in India | Dr. Meenakshi Gupta | 140-143 |
| 26. | वैश्वीकरण और मूल्य-विघटन की कहानी : साहित्य की जुबानी | डॉ. मीनू नन्दा | 144–150 |
| 27. | वैश्वीकरण के दौर में बदलती सामाजिक व्यवस्था | डॉ. नरेश कुमार | 151–157 |
| 28. | वैश्वीकरण के दौर में बदलती सामाजिक व्यवस्था | डॉ. पूजा शर्मा | 158–163 |
| 29. | वैश्वीकरण के दौर में वैदिक साहित्य में वर्णित वर्तमान भारतीय शिक्षा व्यवस्था | डॉ. पुष्पा शर्मा | 164–167 |
| 30. | वैश्वीकरण के दौर में साहित्य में चित्रित समरसता | Dr. R. Kavita | 168-172 |
| 31. | वैश्वीकरण के दौर में सामाजिक समरसता | डॉ. राजश्री लक्ष्मण तावरे | 173–176 |
| 32. | आधुनिक काल में बदलते नारी स्वरूप का चित्रण : कोमल गांधार | डॉ. सिम्मी सिंह | 177–181 |
| 33. | वैश्वीकरण के दौर में हिंदी कहानियों में नारी की दशा | डॉ. सुनीता देवी | 182–184 |
| 34. | वैश्वीकरण के दौर में साहित्य में चित्रित नारी की दशा | डॉ. सुरेन्द्र कुमार | 185–187 |
| 35. | चित्रा मुद्गल की कहानियों में दरकते परिवार | डॉ. सुषमा ठाकुर | 188–193 |
| 36. | वैश्वीकरण के दौर में साहित्य में चित्रित, परिवर्तित होता पारिवारिक ढाँचा (रामदरश मिश्र के उपन्यासों के संदर्भ में) | डॉ० यज्ञेश कुमार | 194–199 |
| 37. | आर्थिक परिदृश्य में वैश्वीकरण के दबाव में युवाओं पर प्रभाव | डॉ. गीता सराफ | 200–205 |
| 38. | वैश्विक समय और समकालीन हिंदी कविता में जीवन मूल्य | डॉ. प्रिया ए. | 206–211 |
| 39. | वैश्वीकरण के दौर में साहित्य में दलित विमर्श | कोमल | 212–215 |
| 40. | वैश्वीकरण का प्रभाव और 'पीली छतरी वाली लड़की' में चित्रित विश्वविद्यालय परिसर | कुलसूम | 216–222 |
| 41. | वैश्वीकरण के दौर में उषा प्रियंवदा की कहानियों में विखंडित होते जीवन और मानवीय मूल्य | मोनिका चौहान, डॉ. रीता सिंह | 223–227 |




Scanned with OKEN Scanner
Scanned with OKEN Scanner

| | | | |
|---|---|---|---|
| 42. | वैश्वीकरण के दौर में साहित्य में चित्रित विखण्डित होते जीवन मूल्य | मोनिका तालियान | 228–234 |
| 43. | पं० लखमीचंद और पं० जगन्नाथ के लोक साहित्य में नारी सौंदर्य | नविता, डॉ. शर्मिला | 235–238 |
| 44. | वैश्वीकरण के दौर में साहित्य में वर्णित दलित उद्भावना | निशिम नागर | 239–242 |
| 45. | वैश्वीकरणसमये गीतानिष्ठसमाजतत्त्वविचारः | ओमप्रकाशदासः | 243–246 |
| 46. | वैश्वीकरण का हाशिये पर स्थित दलित नारी पर प्रभाव | प्रदीप कुमार | 247–251 |
| 47. | वैश्वीकरण के दौर में बदलता ग्रामीण जीवन | पवन कुमारी | 252–256 |
| 48. | भूमंडलीकरण के दौर में हिन्दी उपन्यासों में अभिव्यक्त नौकरी और तनाव का अंतर्संबंध | प्रदुन कुमार | 257–261 |
| 49. | भगवानदास मोरवाल के उपन्यास 'शकुंतिका' में नारी चेतना | प्रेमलता | 262–266 |
| 50. | वैश्वीकरण के दौर में राजनैतिक मूल्यों का विघटन : महाभोज उपन्यास के सन्दर्भ में | रंजीता मिर्धा | 267–271 |
| 51. | वैश्वीकरण के दौर में हिन्दी कहानियों में चित्रित आदिवासी नारी जीवन | रीता देवी, डॉ. पिंकी पारीक | 272–276 |
| 52. | वैश्वीकरण के दौर में स्त्री–कविता का उद्भव | समीक्षा दुबे | 277–281 |
| 53. | वैश्वीकरण के दौर में दलित साहित्य | संगीता देवी | 282–287 |
| 54. | वैश्वीकरण के दौर में हिंदी के विकास में अनुवाद की भूमिका | सतीश कुमार भारद्वाज | 288–292 |
| 55. | वैश्वीकरण के दौर में साहित्य में चित्रित विखण्डित होते जीवन मूल्य | शालिनी पाण्डेय | 293–301 |
| 56. | Globalization & Gender Inequality in Employment | Shammi Bajaj | 302-307 |
| 57. | वैश्वीकरण का महिलाओं पर प्रभाव | शिवानी शर्मा | 308–310 |
| 58. | वैश्वीकरण के दौर में साहित्य में चित्रित परिवर्तित होता पारिवारिक ढांचा | सुभाष चन्द | 311–315 |
| 59. | उदय प्रकाश की कहानियों में उत्तर आधुनिकता | सुशील कुमार | 316–320 |
| 60. | वैश्वीकरण के दौर में साहित्य में चित्रित नारी की दशा | श्रीमती ऊषा देवी | 321–326 |
| 61. | वैश्वीकरण के दौर में साहित्य में चित्रित नारी की दशा | Vikesh Bala | 327-329 |
| 62. | वैश्वीकरण के दौर में साहित्य में वर्णित वर्तमान भारतीय शिक्षा व्यवस्था | विशाखा | 330–334 |
| 63. | गिरिराज शरण अग्रवाल के व्यंग्यों में चित्रित भ्रष्टाचार की समस्या | विशाल कुमार, प्रोफेसर (डॉ.) माया मलिक | 335–340 |



Scanned with OKEN Scanner
Scanned with OKEN Scanner

| | | |
|---|---|---|
| 64. ਵਿਸ਼ਵੀਕਰਨ ਦੇ ਦੌਰ ਵਿਚ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪ੍ਰਸੰਗਿਕਤਾ | ਡਾ. ਗੁਰਜਿੰਦਰ ਕੌਰ | 341-345 |
| 65. ਸਮਕਾਲੀ ਕਵਿਤਾ ਵਿਚ ਤੜਫਦੇ ਅਹਿਸਾਸਾਂ ਦੀ ਪੀੜ ਦਾ ਬਿਆਨ | ਡਾ. ਸੁਖਵਿੰਦਰ ਕੌਰ ਕੰਵਲ | 346-350 |
| 66. साहित्य में नारी | डॉ. कर्मजीत कौर | 351-354 |
| 67. वैश्वीकरण के दौर में स्त्री-मुक्ति के प्रश्न (विशेष संदर्भ : चित्रा मुद्गल के उपन्यास) | डॉ. अंजना नायक | 355-359 |
| 68. ਵਿਸ਼ਵੀਕਰਨ ਵਿੱਚ ਦਲਿਤ ਵਰਗ ਦੀ ਪਛਾਣ | ਸਹਾਇਕਪ੍ਰੋਫੈਸਰਯੋਗਿਤਾ ਚੰਦੇਲ | 360-367 |
| 69. ਵਿਸ਼ਵੀਕਰਣ ਦੇ ਸੰਦਰਭ ਵਿੱਚ ਸੰਤ ਬਾਣੀਮਹੱਤਵ | ਸੁਨੀਲ ਕੁਮਾਰ ਨਾਗਰਾ | 368-373 |
| 70. सामाजिक चेतना के पोषक : मुनिश्री तरूणसागर | डॉ. अनुभा जैन | 374-377 |
| 71. ਵਿਸ਼ਵੀਕਰਨ ਦੇ ਦੌਰ ਵਿਚ ਆਂਚਲਿਕਤਾ ਦੀ ਗੱਲ ਕਰਦਾ ਨਾਵਲ 'ਅੱਧ ਚਾਨਣੀ ਰਾਤ' | ਸਤਵੀਰ ਕੌਰ | 378-384 |
| 72. वैश्विक परिदृश्य में आंचलिक उपन्यासों का मूल्यांकन | डॉ. लक्ष्मी गुप्ता | 385-388 |
| 73. वैश्वीकरण और हिन्दी उपन्यास साहित्य में अन्तर्सबन्ध | डॉ. वीरेन्द्र सिंह थापा | 389-392 |
| 74. वैश्वीकरण के दौर में हिन्दी साहित्य में चित्रित नारी की दशा | श्रीमती प्रेमलता पाटिल | 393-398 |
| 75. वैश्वीकरण के दौर में साहित्य में वर्णित प्रवास का दर्द | डॉ. प्रवीण कटारिया | 399-403 |
| 76. ਵਿਸ਼ਵੀਕਰਨ ਦੇ ਸੰਦਰਭ ਵਿੱਚ ਗੁਰੂ ਨਾਨਕ ਬਾਣੀ ਦੀ ਮਹੱਤਤਾ | ਹਰਜੀਤ ਕੌਰ | 404-410 |
| 77. ਵਿਸ਼ਵੀਕਰਨ ਦੇ ਦੌਰ ਵਿੱਚ ਸਮਾਜਿਕ ਬਦਲਾਅ | ਨੀਤੂ ਸ਼ਰਮਾ | 411-416 |




Scanned with OKEN Scanner
Scanned with OKEN Scanner

www.bohalshodhmanjusha.com
Impact Factor : 7.523

**Bohal Shodh Manjusha** ISSN : 2395-7115
Nov. 2024 Page No. : 341-345

AN INTERNATIONAL PEER REVIEWED, REFEREED MULTIDISCIPLINARY
& MULTIPLE LANGUAGES RESEARCH JOURNAL

# ਵਿਸ਼ਵੀਕਰਨ ਦੇ ਦੌਰ ਵਿਚ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪ੍ਰਸੰਗਿਕਤਾ

**ਡਾ. ਗੁਰਜਿੰਦਰ ਕੌਰ**
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਸ੍ਰੀ ਗੁਰੂ ਨਾਨਕ ਗਰਲਜ ਕਾਲਜ, ਯਮੁਨਾਨਗਰ

ਵਿਸਵੀਕਰਨ ਇਕ ਅਜਿਹਾ ਵਰਤਾਰਾ ਹੈ ਜਿਸ ਵਿਚ ਪੂੰਜੀਵਾਦੀ ਨਿਜ਼ਾਮ ਨੂੰ ਮਜਬੂਤੀ ਮਿਲ ਰਹੀ ਹੈ। ਪੂੰਜੀਵਾਦੀ ਨਿਜ਼ਾਮ ਸਮੁੱਚੇ ਵਿਸਵ ਵਿਚ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਮੁੱਲਾਂ ਨੂੰ ਕੇਵਲ ਆਪਣੇ ਹਿੱਤਾਂ ਲਈ ਵਰਤ ਰਿਹਾ ਹੈ। ਪੂਰੇ ਵਿਸਵ ਨੂੰ ਇਕ ਮੰਡੀ ਦੇ ਰੂਪ ਵਿਚ ਵਿਕਸਿਤ ਕਰਕੇ ਮੁਨਾਫ਼ਾ ਕਮਾਉਣ ਦੀ ਰੁਚੀ ਅਧੀਨ ਮਾਨਵਤਾ ਦਾ ਘਾਣ ਕੀਤਾ ਜਾ ਰਿਹਾ ਹੈ। ਪੂੰਜੀਵਾਦੀ ਨਿਜ਼ਾਮ ਆਮ ਲੋਕਾਂ ਨੂੰ ਉਹਨਾਂ ਦੀਆਂ ਬੁਨੀਆਦੀ ਜਰੂਰਤਾਂ ਤੋਂ ਭਟਕਾ ਕੇ, ਆਰਥਿਕ ਪੱਖੋਂ ਉਹਨਾਂ ਦੇ ਸਾਰੇ ਪੇਚ ਢੀਲੇ ਕਰਕੇ ਉਹਨਾਂ ਨੂੰ ਕਰਜੇ ਹੇਠ ਦੱਬਣ ਲਈ ਮਜਬੂਰ ਕਰਦੇ ਹਨ। ''ਅੰਗਰੇਜੀ ਦੇ ਸਬਦ ਭ;ਰਲ;ਜ਼ੰਵਜਰਅ ਦੀ ਥਾਂ ਪੰਜਾਬੀ ਵਿਚ ਵਿਸਵੀਕਰਨ ਸਬਦ ਪ੍ਰਚਲਿਤ ਹੋਇਆ। ਪੂਰਾ ਸੰਸਾਰ ਇਕ ਗਲੋਬਲੀ ਪਿੰਡ ਬਣਦਾ ਜਾ ਰਿਹਾ ਹੈ। ਵਿਸਵ ਵਿਚ ਕੋਈ ਵੀ ਘਟਨਾ ਵਾਪਰਦੀ ਹੈ ਉਸਦਾ ਪ੍ਰਭਾਵ ਧਰਤੀ ਦੇ ਹਰ ਕੋਨੇ ਤੇ ਦੇਖਣ ਨੂੰ ਮਿਲਦਾ ਹੈ। ਅਜਿਹੇ ਮਾਹੌਲ ਵਿਚ ਆਰਥਿਕ ਵਿਕਾਸ ਦੇ ਨਾਂ ਹੇਠ ਕੁਝ ਵਪਾਰਕ ਧਿਰਾਂ ਨੇ ਫ਼ੁਰਗ;ਦ ੳਗ਼ਦਕ +ਗਪ਼ਅਜ਼ੰਵਜਰਅ ਦੀ ਸਥਾਪਨਾ ਕੀਤੀ।''[1] ਇਸ ਤਰ੍ਹਾਂ ਦੇ ਸੰਗਠਨਾ ਦਾ ਉਦੇਸ ਪੂਰੇ ਸੰਸਾਰ ਨੂੰ ਖੁੱਲ੍ਹੇ ਰੂਪ ਵਿਚ ਮੰਡੀ ਦੀ ਤਰ੍ਹਾਂ ਵਰਤਣਾ ਹੈ ਅਤੇ ਇਸਦਾ ਨਿਸ਼ਾਨਾ ਵਿਕਾਸਸ਼ੀਲ ਦੇਸ ਅਤੇ ਪਿਛੜੇ ਦੇਸ ਹਨ। ਬੇਰਹਿਮ ਲੁੱਟ ਅਤੇ ਬੇਹਿਸਾਬ ਮੁਨਾਫ਼ਾ ਇਸ ਪੂੰਜੀਵਾਦ ਦਾ ਉਦੇਸ ਹੈ।

ਹਰਿਆਣਾ, ਪੰਜਾਬ ਅਤੇ ਯੂ.ਪੀ. ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇਹਨਾਂ ਦੀ ਆਰਥਿਕਤਾ ਦਾ ਮੁੱਖ ਸਾਧਨ ਖੇਤੀਬਾੜੀ ਹੈ। ਪੂੰਜੀਵਾਦੀ ਅਰਥ ਵਿਵਸਥਾ ਅਧੀਨ ਖੇਤੀ ਵਿਚੋਂ ਵੱਧ ਤੋਂ ਵੱਧ ਮੁਨਾਫ਼ਾ ਹਾਸਲ ਕਰਨ ਦੀ ਲਾਲਸਾ ਪੈਦਾ ਹੋ ਗਈ, ਜਿਸਦੇ ਫਲਸਰੂਪ ਜਮੀਨ ਤੇ ਕਾਬਜ ਸ੍ਰੇਣੀ ਦਾ ਦਰਜਾ ਗੈਰ-ਜਮੀਨ ਸ੍ਰੇਣੀ ਦੇ ਮੁਕਾਬਲੇ ਉੱਚਾ ਸਮਝਿਆ ਜਾਂਦਾ ਰਿਹਾ ਹੈ। ਕਿਸਾਨੀ ਸਮਾਜ ਨਾਲ ਸੰਬੰਧਤ ਵਰਗਾਂ ਦੀ ਹੱਡ-ਭੰਨਵੀ ਮਿਹਨਤ ਦੇ ਬਾਵਜੂਦ ਇਹਨਾਂ ਨੂੰ ਨਿਸਕਾਰਿਆ ਜੀਵਨ ਹੀ ਭੋਗਣਾ ਪੈਂਦਾ ਹੈ। ਕਿਸਾਨਾਂ ਦੇ ਜੀਵਨ ਦੇ ਦਰਦ ਨੂੰ ਜਿਸ ਸਿੱਦਤ ਨਾਲ ਪੰਜਾਬੀ ਨਾਵਲ ਦਾ ਬੋਹੜ ਬਾਬਾ ਗੁਰਦਿਆਲ ਸਿੰਘ ਚਿੱਤਰਦਾ ਹੈ। ਸਾਇਦ ਹੀ ਕੋਈ ਹੋਰ ਨਾਵਲਕਾਰ ਇਸ ਦੁੱਖਦੀ ਰੱਗ ਨੂੰ ਫੜ ਸਕਿਆ ਹੋਵੇ।

ਗੁਰਦਿਆਲ ਸਿੰਘ ਆਪ ਹਿਕ ਮਿਹਨਤਕਸ਼ ਕਿਰਤੀ ਪਰਿਵਾਰ ਵਿਚ ਪੈਦਾ ਹੋਏ। ਕਿਰਤੀ ਪਰਿਵਾਰਾਂ ਦੀਆਂ ਤੰਗੀਆਂ ਤੁਰਸੀਆਂ ਨੂੰ ਗੁਰਦਿਆਲ ਸਿੰਘ ਨੇ ਆਪਣੇ ਪਿੰਡੇ ਤੇ ਹੰਢਾਇਆ। ''ਆਪ ਜੀ ਦੀ ਸਾਹਿਤ ਸਾਧਨਾ ਦਾ ਆਰੰਭ ਪ੍ਰੋ. ਮੋਹਨ ਸਿੰਘ ਦੇ ਪਰਚੇ ਪੰਜ ਦਰਿਆ ਵਿਚ 1957 ਵਿਚ ਛਪੀ ਕਹਾਣੀ ਨਾਲ ਹੁੰਦਾ ਹੈ। ਲਗਭਗ 60 ਸਾਲ ਗੁਰਦਿਆਲ ਸਿੰਘ ਜੀ ਨੇ ਸਾਹਿਤ ਸੇਵਾ ਕੀਤੀ, ਇਸ ਸਮੇ ਦੌਰਾਨ ਉਹਨਾਂ ਨੇ 10 ਨਾਵਲ, 11 ਕਹਾਣੀ-ਸੰਗ੍ਰਹਿ, 3 ਨਾਟਕ, ਅੱਠ ਵਾਰਤਕ ਪੁਸਤਕਾਂ, 24 ਬਾਲ ਪੁਸਤਕਾਂ ਕੁਝ ਸੰਪਾਦਿਤ ਪੁਸਤਕਾਂ ਅਤੇ ਅਨੁਵਾਦਿਤ ਪੁਸਤਕਾਂ ਵੀ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ।''[2] ਗੁਰਦਿਆਲ ਸਿੰਘ ਪੰਜਾਬੀ ਗਲਪ ਵਿਚ ਯਥਾਰਥਵਾਦੀ ਨਾਵਲ ਦੀ ਇਕ ਨਿਵੇਕਲੀ ਪਿਰਤ ਪਾਉਣ, ਮਲਵਈ ਆਂਚਲਿਕਤਾ ਦੇ ਯਥਾਰਥ ਨੂੰ ਸਿਰਜਣ ਵਾਲਾ



Scanned with OKEN Scanner
Scanned with OKEN Scanner

ਨਾਵਲਕਾਰ ਹੈ।ਵਿਸ਼ਵੀਕਰਨ ਦੇ ਦੌਰ ਵਿਚ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪ੍ਰਾਸੰਗਿਕਤਾ ਨੂੰ ਸਮਝਣ ਲਈ ਅਸੀ ਗੁਰਦਿਆਲ ਸਿੰਘ ਦੇ ਜਿਹਨਾਂ ਨਾਵਲਾਂ ਨੂੰ ਖੋਜ ਪੱਤਰ ਦਾ ਆਧਾਰ ਬਣਾਇਆ ਹੈ ਉਹਨਾਂ ਵਿਚੋਂ ਜਦੋਂ ਅਸੀ 'ਮੜ੍ਹੀ ਦਾ ਦੀਵਾ' ਦਾ ਅਧਿਆਨ ਕਰਦੇ ਹਾਂ ਤਾਂ ਵੇਖਦੇ ਹਾਂ ਕਿ ਇਸ ਨਾਵਲ ਦਾ ਵਿਸ਼ਾ "ਪੰਜਾਬ ਦੀ ਜਗੀਰਦਾਰੀ ਅਰਥ-ਵਿਵਸਥਾ ਦਾ ਪੂੰਜੀਵਾਦੀ ਅਰਥ-ਵਿਵਸਥਾ ਵਿਚ ਪ੍ਰਵੇਸ਼ ਹੋਣ ਤੇ ਸਮਾਜਿਕ ਰਿਸ਼ਤਿਆਂ ਵਿਚ ਪੂੰਜੀ ਦੀ ਪ੍ਰਥਮਿਕਤਾ ਹੋ ਜਾਣ ਕਾਰਨ 'ਜੱਟ ਤੇ ਸੀਰੀ' ਦੇ ਬੁਨਿਆਦੀ ਰਿਸ਼ਤੇ ਦੇ ਟੁੱਟ ਜਾਣ ਨਾਲ ਸੰਬੰਧਿਤ ਹੈ।"[3]

ਜੱਟ ਤੇ ਸੀਰੀ ਦੋਹਾਂ ਦੇ ਕਾਰਜ ਖੇਤਰ ਅਤੇ ਆਰਥਿਕ ਅਵਸਥਾ ਦਾ ਆਧਾਰ ਵਾਹੀਯੋਗ ਜਮੀਨ ਹੈ, ਪਰ ਭੌਂ-ਮਾਲਕੀ ਕੇਵਲ ਜਮੀਦਾਰ ਦੀ ਹੋਣ ਕਰਕੇ ਸੀਰੀ ਨੂੰ ਉਸਦੀ ਮਿਹਨਤ ਬਦਲੇ ਕੁਲ ਪੈਦਾਵਾਰ ਦਾ ਚੌਥਾ ਜਾਂ ਪੰਜਵਾਂ ਹਿੱਸਾ ਮਿਲਦਾ ਹੈ। ਨਾਵਲ ਵਿਚ ਜਗਸੀਰ ਦਾ ਬਾਪੂ ਧਰਮ ਸਿੰਘ ਦੀ ਜੱਦੀ ਜਮੀਨ ਵਿਚ ਮਿਹਨਤ ਕਰਕੇ ਦੋ ਗੁਣਾ ਵਾਧਾ ਕਰਦਾ ਹੈ ਪਰੰਤੂ ਬਦਲੇ ਵਿਚ ਜਗਸੀਰ ਦੇ ਬਾਪੂ ਨੂੰ ਮੂੰਹ-ਜਬਾਨੀ ਮਿਲੀ ਚਾਰ ਵਿਘੇ ਭੋਂਇ ਝਗੜੇ ਵਾਲੀ ਜਮੀਨ ਹੋਣ ਕਾਰਨ ਉਹਨਾਂ ਦੇ ਨਾਂ ਨਾ ਹੋ ਸਕੀ। ਸਾਰੀ ਉਮਰ ਜਿਸ ਚਾਰ ਵਿਘੇ ਜਮੀਨ ਨੂੰ ਠੋਲ੍ਹਾ, ਜਗਸੀਰ ਤੇ ਨੰਦੀ ਆਪਣੀ ਜਾਇਦਾਦ ਸਮਝਦੇ ਰਹੇ । ਅੰਤ ਉਹ ਵੀ ਉਹਨਾਂ ਤੋਂ ਖੁਸ ਜਾਂਦੀ ਹੈ। ਅਸਾਵੇਂ ਆਰਥਿਕ ਰਿਸ਼ਤਿਆਂ ਦੀ ਤ੍ਰਾਸਦੀ ਇਹ ਹੈ ਕਿ ਜਗਸੀਰ ਦੀ ਆਰਥਿਕ ਸਥਿਤੀ ਪਹਿਲਾਂ ਵਾਂਗ ਹੀ ਨਿਘਰੀ ਰਹਿੰਦੀ ਹੈ।

ਗੁਰਦਿਆਲ ਸਿੰਘ ਅਜਿਹੇ ਸਾਧਾਰਣ ਮਨੁੱਖਾਂ ਦੇ ਦੁਖਾਂਤ ਨੂੰ ਪੂੰਜੀਵਾਦੀ ਫਲਸਫ਼ੇ ਵਲੋਂ ਕੁਚਲੇ ਵਿਖਾਉਂਦਾ ਹੈ ਜਿਹਨਾਂ ਦਾ ਆਪਣੀ ਸਥਿਦੀ ਉੱਤੇ ਕੋਈ ਜੋਰ ਨਹੀ ਚਲਦਾ, ਇਹ ਮਨੁੱਖ ਭਾਵੇਂ ਸੀਰੀ, ਕਾਰੀਗਰ, ਮਜ਼ਬੀ ਜਾਂ ਅਲਪ ਜਮੀਨ ਵਾਲਾ ਕਿਸਾਨ, ਕੋਈ ਇਸਤਰੀ ਜਾਂ ਕੋਈ ਰਿਕਸ਼ਾ ਚਲਾਉਣ ਵਾਲਾ ਵਿਕਅਤੀ ਹੋਵੇ। ਸਰਕਾਰ ਅਤੇ ਉਹਨਾਂ ਦੇ ਅਫ਼ਸਰਾਂ ਵਲੋਂ ਕੀਤੇ ਜੁਲਮ ਹੋਣ ਜਾਂ ਬਾਣੀਏ ਦੀ ਵਹੀ ਵਿਚ ਖਿੱਚੇ ਡੰਡੇ, ਵੱਡੇ ਜਿਮੀਦਾਰਾਂ ਦੀ ਜਮੀਨ ਵਧਾਉਣ ਦੀ ਭੁੱਖ ਹੋਵੇ, ਕਾਰਖਾਨੇਦਾਰਾਂ ਦੇ ਕਿਸਾਨਾਂ ਦੇ ਘਰਾਂ ਅਤੇ ਜਮੀਨਾਂ ਤੇ ਕਬਜੇ ਸਭਨਾ ਪਿੱਛੇ ਪੂੰਜੀਵਾਦੀ ਮਾਨਸਿਕਤਾ ਹੀ ਕੰਮ ਕਰ ਰਹੀ ਹੁੰਦੀ ਹੈ। "ਸਿੱਧੀ ਸਾਦੀ ਆਦਿਮ ਚੇਤਨਾ ਦਾ ਇਸ ਚੁਸਤ ਚਲਾਕ ਪੂੰਜੀਵਾਦੀ ਮਾਨਸਿਕਤਾ ਨਾਲ ਕੀ ਮੁਕਾਬਲਾ? ਗੁਰਦਿਆਲ ਸਿੰਘ ਦੇ ਨਾਵਲਾਂ ਦੇ ਪੀੜਿਤ ਪਾਤਰ ਜਗੀਰਦਾਰੀ ਯੁਗ ਵਾਲੀਆਂ ਕਦਰਾਂ ਕੀਮਤਾਂ ਵਿਚ ਜਿਉਂ ਰਹੇ ਹਨ ਪਰ ਉਸਦੇ ਦੋਖੀ ਪਾਤਰ ਜਗੀਰਦਾਰੀ ਚਰਿੱਤਰ ਵਾਲੇ ਜਾਪਦੇ ਹੋਏ ਵੀ ਅੰਦਰੋਂ ਪੂੰਜੀਵਾਦੀ ਕੀਮਤਾਂ ਵੱਲ ਝੁਕਾਉ ਰਖਦੇ ਹਨ।"[4]

ਗੁਰਦਿਆਲ ਸਿੰਘ ਦੇ ਹੋਰ ਵੀ ਨਾਵਲਾਂ ਦੇ ਵਿਸ਼ੇ ਮਨੁੱਖੀ ਰਿਸ਼ਤਿਆਂ ਵਿਚ ਪੂੰਜੀਵਾਦ ਅਤੇ ਆਧੁਨਿਕਤਾ ਦੇ ਪ੍ਰਭਾਵ ਅਧੀਨ ਬਣ ਰਹੇ ਸਮੀਕਰਨਾਂ ਨੂੰ ਪਰਿਭਾਸ਼ਾ ਦਿੰਦਾ ਹੈ। ਅਣਹੋਏ ਨਾਵਲ ਵਿਚ ਗੁਰਦਿਆਲ ਸਿੰਘ ਨੇ ਮਨੁੱਖੀ ਹੋਂਦ ਦੇ ਇਸ ਪ੍ਰਸ਼ਨ ਸੁਤੰਤਰ ਸੋਚ, ਵਿਅਕਤੀ ਤੇ ਵਿਵਸਥਾ ਦੇ ਵਿਰੋਧ ਉਪਰ ਆਪਣਾ ਧਿਆਨ ਕੇਂਦਰਿਤ ਕੀਤਾ ਹੈ। ਇਸ ਨਾਵਲ ਦਾ ਮੁੱਖ ਪਾਤਰ ਬਿਸ਼ਨਾ ਸਵੈਮਾਨ ਅਤੇ ਸੁਤੰਤਰਤਾ ਨਾਲ ਜਿਊਣ ਵਾਲਾ ਮਨੁੱਖ ਹੈ ਅਤੇ ਦੂਜਿਆਂ ਤੋਂ ਵੀ ਉਹ ਇਹ ਹੱਕ ਖੋਹਣਾ ਨਹੀ ਚਾਹੁੰਦਾ। ਬਿਸ਼ਨਾ ਕਾਰੀਗਰ ਸ਼੍ਰੇਣੀ ਦੇ ਉਹਨਾਂ ਪਾਤਰਾਂ ਦਾ ਮੁੱਖਬਿਰ ਹੈ ਜੋ ਸੱਚੀ ਤੇ ਸੁੱਚੀ ਕਿਰਤ ਕਰਨ ਵਿਚ ਵਿਸ਼ਵਾਸ਼ ਰੱਖਦੇ ਹਨ। ਪੂੰਜੀਵਾਦੀ ਪ੍ਰਭਾਵ ਅਧੀਨ ਨਗਰੀਕਰਨ ਦੀ ਰੁਚੀ ਵਧੀ ਅਤੇ ਹਰ ਵਸਤੂ ਸਬੰਧਤ ਮੰਡੀਆਂ ਅਤੇ ਕਾਰਖਾਨਿਆਂ ਵਿਚ ਲਿਜਾਈ ਜਾਣ ਲੱਗੀ। "ਮੰਡੀ ਅਧੀਨ ਉਸਰ ਰਹੇ ਨਵੇਂ ਸਮਾਜ ਵਿਚ ਬਿਸ਼ਨੇ ਦਾ ਤਣਾਉ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਮੰਡੀ ਨੂੰ ਜਾਂਦੀ ਸੜਕ ਉੱਤੇ ਵੱਧ ਰਹੀ ਭੀੜ ਨੂੰ ਮੁੱਖ ਰੱਖਦਿਆਂ ਸਰਕਾਰ ਵਲੋਂ ਨਵੀ ਸੜਕ ਦੇ ਨਿਰਮਾਣ ਵੇਲੇ ਸੜਕ ਬਿਸ਼ਨੇ ਦੇ ਘਰ ਦੇ ਵਿਚਕਾਰ ਦੀ ਹੋ ਕੇ ਲੰਘਣੀ ਸੀ।"[5]

ਅਣਹੋਏ ਨਾਵਲ ਦੀ ਸਭ ਤੋਂ ਵੱਡੀ ਤ੍ਰਾਸਦੀ ਪੂੰਜੀਵਾਦੀ ਸ਼੍ਰੇਣੀ ਸਮਾਜਿਕ ਵਿਵਸਥਾ ਦੌਰਾਨ ਉਸ ਉਥਲ-ਪੁਥਲ ਨੂੰ ਦਰਸਾਉਂਦਾ ਹੈ ਜਿਸ ਦੀ ਉਮੀਦ ਪਿੰਡ ਦਾ ਕਾਰੀਗਰ ਵਰਗ ਸੁਪਨੇ ਵਿਚ ਵੀ ਨਹੀ ਸੋਚਦਾ। ਅਣਹੋਏ ਨਾਵਲ ਦਾ ਨਾਇਕ ਬਿਸ਼ਨਾ ਅਮਾਨਵੀ ਢੰਗ ਨਾਲ ਪੈਸਾ ਨਹੀ ਕਮਾਉਣਾ ਚਾਹੁੰਦਾ ਜਦਕਿ ਉਸਦਾ ਭਰਾ ਭਗਤਾ ਕਾਬਜ ਸੰਸਕ੍ਰਿਤੀ ਭਾਵ ਪੂੰਜੀਪਤੀਆਂ ਦਾ ਜੁੱਤੀ ਚੱਟ ਬਣ ਇਹ ਵਿਖਾ ਦਿੰਦਾ ਹੈ ਕਿ ਪੂੰਜੀਵਾਦੀ ਅਰਥਚਾਰੇ ਵਿਚ ਪੈਸਾ ਬਹੁਤ ਕੁਝ ਹੀ ਨਹੀ ਸਭ ਕੁਝ ਹੈ ਕਿਉਂਕਿ ਇਸ ਨਾਲ ਜ਼ਿੰਦਗੀ



Scanned with OKEN Scanner
Scanned with OKEN Scanner

ਦੇ ਐਸ ਆਰਾਮ ਦਾ ਹਰ ਸਾਧਨ ਖਰੀਦਿਆ ਜਾ ਸਕਦਾ ਹੈ। "ਗੁਰਦਿਆਲ ਸਿੰਘ ਦੇ ਨਾਵਲਾਂ ਵਿਚਲਾ ਬਿਰਤਾਂਤ ਸਮਾਜ ਦੀ ਕੋਈ ਅਜਿਹੀ ਗੰਭੀਰ ਸਮੱਸਿਆ ਨੂੰ ਨਾਲ ਲੈ ਕੇ ਚਲਦਾ ਹੈ ਜਿਸ ਦਾ ਹਲ ਹਰ ਸਮਾਜ ਨੂੰ ਸੋਚਣ ਦੀ ਜਰੂਰਤ ਹੈ।"[6]

ਇਸੇ ਤਰ੍ਹਾਂ ਜਦੋਂ ਅਸੀ 'ਅੱਧ-ਚਾਨਣੀ ਰਾਤ' ਨਾਵਲ ਵੱਲ ਝਾਤ ਮਾਰਦੇ ਹਾਂ ਤਾਂ ਵੇਖਦੇ ਹਾਂ ਕਿ ਇਸ ਨਾਵਲ ਦੀ ਕਹਾਣੀ ਵੀ ਰਾਜ ਅਤੇ ਤਕਨੀਕ ਦਾ ਪਸਾਰ ਜੋ ਹਰੀ ਕ੍ਰਾਂਤੀ ਅਤੇ ਮੁਰਬਾਬੰਦੀ ਦੇ ਰੂਪ ਵਿਚ ਆਉਂਦਾ ਹੈ। ਅਮੀਰਾਂ ਦੇ ਹੱਕ ਵਿਚ ਭੁਗਤਦਾ ਵਿਖਾਇਆ ਗਿਆ ਹੈ। ਨਿਮਨ ਕਿਸਾਨੀ ਦੀ ਬਿਪਤਾ, ਸਮਾਜਕ ਅਸਮਾਨਤਾ, ਅਸੁਰਖਿਆ, ਸਫਸਰਸਾਹੀ ਵੱਲੋਂ ਕੀਤੇ ਜੁਲਮ, ਜਮੀਨਾਂ ਦੇ ਨਾਂ ਤੇ ਹੋ ਰਹੇ ਕਤਲ ਆਦਿ ਪੰਜਾਬੀ ਅਰਥਚਾਰੇ ਦੇ ਮੁੱਖ ਅੰਗਾਂ ਦੇ ਰੂਪ ਵਿਚ ਇਸ ਨਾਵਲ ਵਿਚ ਵੇਖਣ ਨੂੰ ਮਿਲ ਰਹੇ ਹਨ। ਇਸ ਨਾਵਲ ਵਿਚ ਤ੍ਰਾਸਦੀ ਉਦੋਂ ਵਾਪਰਦੀ ਹੈ ਜਦੋਂ ਪਰੰਪਰਾ ਦੁਆਰਾ ਚੰਗੇ ਕਹੇ ਜਾਣ ਵਾਲਿਆਂ ਨੂੰ ਮਾੜਿਆ ਦੀ ਮੌਕਾਪ੍ਰਸਤੀ ਅਤੇ ਜੁਲਮ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਨਾਵਲ ਵਿਚ ਮੋਦਨ ਅਤੇ ਘਣੇ ਕੇ ਪਰਿਵਾਰ ਵਿਚਲੀ ਪਰਸਪਰ ਦੁਸ਼ਮਣੀ ਦਾ ਕਾਰਨ ਵੱਖੋ ਵੱਖਰੇ ਜਾਇਦਾਦੀ ਮੁੱਲ ਹੀ ਹਨ। ਗੁਰਦਿਆਲ ਸਿੰਘ ਦੀ ਨਾਵਲੀ ਦ੍ਰਿਸ਼ਟੀ ਤੋਂ ਇਹ ਪਤਾ ਲਗਦਾ ਹੈ ਕਿ ਪਿੰਡਾਂ ਦੀ ਸਮਾਜਿਕ ਅਵਸਥਾ ਵਿਚ ਬਹੁਤਾ ਬਦਲਾਅ ਨਹੀ ਆਇਆ ਸਗੋਂ ਸਦੀਆਂ ਤੋਂ ਤੁਰਿਆ ਆ ਰਿਹਾ ਜਗੀਰਦਾਰੀ ਪ੍ਰਬੰਧ ਰੰਗ ਵਟਾਕੇ ਪੂੰਜੀਵਾਦੀ ਵਿਵਸਥਾ ਵਿਚ ਬਦਲ ਗਿਆ ਹੈ। 20ਵੀ ਸਦੀ ਦੇ ਪਿਛਲੇ ਅੱਧ ਦੌਰਾਨ ਪੇਂਡੂ ਸਮਾਜ ਵਿਚ ਪੂੰਜੀਵਾਦ ਨੇ ਜੋ ਫੜਿਆ। "ਗੁਰਦਿਆਲ ਸਿੰਘ ਆਪਣੇ ਬਹੁਤੇ ਨਾਵਲਾਂ ਵਿਚ ਮਾਲਵੇ ਦੇ ਪਿੰਡਾਂ ਦੀ ਕਥਾ ਨੂੰ ਪਿੱਠ ਭੂਮੀ ਵਿਚ ਰੱਖਦਾ ਹੈ ਅਤੇ ਦਲਿਤ ਵਰਗ ਅਤੇ ਜੱਟਾਂ ਵਿਚਲਾ ਤਨਾਅ ਨਾਲ ਹੀ ਬਹੁਤੀਆਂ ਜਮੀਨਾਂ ਵਾਲਿਆਂ ਅਤੇ ਗੈਰ ਜਮੀਨਾਂ ਵਾਲਿਆਂ ਵਿਚਲਾ ਟਕਰਾਉ ਸਿਧੇ ਰੂਪ ਵਿਚ ਪੇਸ਼ ਕਰਦਾ ਹੈ।"[7]

ਉੱਤਰੀ ਭਾਰਤ ਦੇ ਸੂਬੇ ਜੋ ਮੈਦਾਨੀ ਇਲਾਕਿਆਂ ਵਿਚ ਆਉਂਦੇ ਹਨ ਉਹਨਾਂ ਦੀ ਆਰਕਿਕਤਾ ਦਾ ਮੁੱਖ ਸਾਧਨ ਖੇਤੀਬਾੜੀ ਹੈ। ਮੰਡੀ ਸਿਸਟਮ ਅਤੇ ਪੂੰਜੀਵਾਦੀ ਅਰਥ ਵਿਵਸਥਾ ਕਾਰਨ ਖੇਤੀ ਵਿਚ ਵੱਧ ਤੋਂ ਵੱਧ ਮੁਨਾਫ਼ਾ ਹਾਸਲ ਕਰਨ ਦੀ ਲਾਲਸਾ ਪੈਦਾ ਹੋ ਗਈ। 'ਆਥਣ-ਉੱਗਣ' ਨਾਵਲ ਦਾ ਬਿਰਤਾਂਤ ਦਸੌਧਾਂ ਸਿੰਘ ਦੇ ਮੁੰਡੇ ਜਰਨੈਲ ਦੇ ਚਰਿੱਤਰ ਰਾਹੀ ਜਗੀਰਦਾਰੀ ਪ੍ਰਬੰਧ ਦੇ ਵਿਗੜੇ ਹੋਏ ਰੂਪ ਦੀ ਤਰਜਮਾਨੀ ਕਰਦਾ ਹੈ ਜਿਸ ਵਿਚ ਜਰਨੈਲ ਦਾ ਵੱਡਾ ਕਾਰਨਾਮਾ ਪਿੰਡ ਦੀਆਂ ਔਰਤਾਂ ਦਾ ਜਿਸਮਾਨੀ ਸ਼ੋਸ਼ਣ ਕਰਨਾ ਹੈ। ਉਸਦਾ ਬਾਪੂ ਦਸੌਧਾਂ ਸਿੰਘ ਆਪਣੀ ਚੜ੍ਹਦੀ ਉਮਰੇ ਜਦੋਂ ਕਲਕੱਤਾ ਤੇ ਬਰਮਾ ਆਦਿ ਥਾਵਾਂ ਤੇ ਕੰਮ ਕਾਰ ਕਰਕੇ ਪੈਸੇ ਕਮਾ ਕੇ ਲਿਆਇਆ ਤਾਂ ਉਸਨੇ ਆਪਣੀ ਪਿੰਡ ਵਾਲੀ ਜਮੀਨ ਗਿਆਰਾਂ ਘੁਮਾਂ ਤੋਂ ਵਧਾ ਕੇ ਪੰਜਾਹ ਇਕਵੰਜਾ ਕਿੱਲੇ ਬਣਾ ਲਈ। ਪਿੰਡ ਦੇ ਛੋਟੇ ਕਿਸਾਨਾਂ ਨੂੰ ਨਾ ਚੁੱਕਣ ਵਾਲਾ ਕਰਜਾ ਦੇ ਕੇ ਉਹਨਾਂ ਦੀਆਂ ਜਮੀਨਾਂ ਦਸੌਧਾਂ ਸਿੰਘ ਨੇ ਆਪਦੇ ਨਾਂ ਲੁਆ ਲਈਆਂ। ਕੋਈ ਕਿਸਾਨ ਖੁਦਕੁਸ਼ੀ ਕਰ ਗਿਆ। ਕੋਈ ਪਾਗਲ ਹੋ ਗਿਆ। ਦਸੌਦਾ ਸਿੰਘ ਦਾ ਵੱਡਾ ਭਰਾ ਬੂਟਾ ਸਿੰਘ ਜ਼ਿੰਦਗੀ ਭਰ ਹੱਕ-ਹਲਾਲ ਦੀ ਕਮਾਈ ਤਾਂ ਕਰਦਾ ਰਿਹਾ ਪਰੰਤੂ ਆਰਥਿਕ ਪੱਖੋਂ ਮਜਬੂਤ ਨਾ ਹੋ ਸਕਿਆ। "ਨਾਵਲ ਵਿਚ ਕਿਸਾਨ ਵਰਗ ਤੇ ਦਲਿਤ ਵਰਗ ਵਿਚਲਾ ਪੂੰਜੀਵਾਦੀ ਪ੍ਰਕਰਨ ਦੇ ਅਨੁਰੂਪ ਉਪਜਿਆ ਤਨਾਅ ਨਾਵਲ ਦਾ ਮੁੱਖ ਮੁੱਦਾ ਬਣਦਾ ਹੈ। ਦਲਿਤ ਵਰਗ ਦੀ ਆਰਥਿਕ ਕੰਗਾਲੀ ਅਤੇ ਕਈ ਪੀੜ੍ਹੀਆਂ ਤੋਂ ਅਤਿ ਗੁਰਬਤ ਦੀ ਜੂਲ ਹੰਢਾਉਣ ਦਾ ਜਿਕਰ ਨਾਵਲ ਵਿਚ ਥਾਂ ਪੁਰ ਥਾਂ ਆਉਂਦਾ ਹੈ।"[8]

ਵਿਸ਼ਵੀਕਰਨ ਦੇ ਦੌਰ ਵਿਚ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪ੍ਰਾਸੰਗਿਕਤਾ ਨੂੰ ਸਮਝਣ ਲਈ ਅਸੀ ਉਸਦੇ ਇਕ ਹੋਰ ਸੁਪ੍ਰਸਿੱਧ ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਨੂੰ ਵੀ ਚਰਚਾ ਦਾ ਵਿਸ਼ਾ ਬਣਾ ਸਕਦੇ ਹਾਂ। ਇਹ ਲਾਵਲ ਦਲਿਤ ਸੰਕਟ ਦੀ ਨਿਸ਼ਾਨਦੇਹੀ ਉਹਨਾਂ ਸਮਿਆਂ ਵਿਚ ਕਰਦਾ ਹੈ ਜਦੋਂ ਹਰੇ ਇਨਕਲਾਬ ਦੀ ਚੜ੍ਹਤ ਦਾ ਸਮਾਂ ਸੀ, ਨਵੇਂ ਬੀਜਾਂ ਦੀ ਆਮਦ ਅਤੇ ਮਸ਼ੀਨਰੀ ਦੇ ਉਪਯੋਗ ਨਾਲ ਫਸਲੀ ਝਾੜ ਆਪਣੇ ਸ਼ਿਖਰਾਂ ਤੇ ਸੀ ਅਤੇ ਬਹੁ-ਗਿਣਤੀ ਦਲਿਤ ਚਰਵਾਹਾ ਵਰਗ ਲਈ ਮੁਸੀਬਤਾਂ ਪੈਦਾ ਹੋ ਗਈਆਂ ਸਨ। ਪਸ਼ੂਆਂ ਦੇ ਚਰਨ ਵਾਲੀਆਂ ਸਾਮਲਾਟ ਦੀਆਂ ਜਮੀਨਾਂ ਅਤੇ ਖੁਲ੍ਹੀਆਂ ਚਰਾਂਦਾ ਵਿਚ ਫਸਲਾਂ ਉਗਾਈਆਂ ਜਾਣ ਲੱਗੀਆਂ। "ਅੰਨ੍ਹੇ ਘੋੜੇ ਦਾ ਦਾਨ" ਨਾਵਲ ਦਾ ਪਾਤਰ ਛੋਟਾ ਮੁੰਡਾ ਛਿੰਦਾ ਜਦੋਂ ਆਪਣੇ ਪਸ਼ੂ ਚਾਰਨ ਖੇਤਾਂ ਵਲ ਜਾਂਦਾ ਹੈ ਤਾਂ ਉਸਦੀ ਇਕ ਕੱਟੀ ਬਚਿੱਤਰ ਦੇ ਖੇਤ ਵਿਚ ਵੜ ਜਾਂਦੀ ਹੈ ਤਾਂ ਬਚਿੱਤਰ ਦਾ ਮੁੰਡਾ ਛਿੰਦੇ ਨੂੰ ਕੁੱਟਦਾ ਹੈ ਤੇ ਨਾਲ ਹੀ ਉਸਦੀ



Scanned with OKEN Scanner
Scanned with OKEN Scanner

ਕੱਟੀ ਨੂੰ ਵੀ ਮਾਰਦਾ ਹੈ।"[9] ਪੈਦਾਵਾਰੀ ਰਿਸ਼ਤੇ ਬਦਲਣ ਕਾਰਨ ਹੁਣ ਕਿਸਾਨ ਤੇ ਮਜਦੂਰ ਦਾ ਆਪਸੀ ਰਿਸ਼ਤਾ ਵੀ ਤਬਦੀਲ ਹੋ ਗਿਆ। ਕੀਟਨਾਸ਼ਕ ਦਵਾਈਆਂ ਦੇ ਆਉਣ ਨਾਲ ਖੇਤਾਂ ਵਿਚੋਂ ਗੋਡੀ ਦਾ ਝੰਜਟ ਵੀ ਖਤਮ ਹੋ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਦਲਿਤ ਵਰਗ ਖੇਤੀ-ਖੇਤਰ ਤੋਂ ਬਾਹਰ ਹੋ ਗਿਆ। ਪਿੰਡ ਵਿਚ ਆਪਣਾ ਗੁਜਾਰਾ ਨਾ ਹੁੰਦਾ ਦੇਖ ਦਲਿਤ ਵਰਗ ਸ਼ਹਿਰਾਂ ਵੱਲ ਰੁੱਖ ਕਰਦਾ ਹੈ ਪਰੰਤੂ ਸ਼ਹਿਰ ਵਿਚ ਵੀ ਮੋਟਰ-ਗੱਡੀਆਂ ਤੇ ਆਟੋ-ਰਿਕਸ਼ਾ ਦੇ ਆਉਣ ਨਾਲ ਇਸ ਨਾਵਲ ਦੇ ਪਾਤਰ ਮੇਲੂ ਰਾਹੀ ਇਹ ਵਿਖਾਇਆ ਗਿਆ ਹੈ ਕਿ ਉਸ ਵਰਗ ਹੋਰ ਮੇਲੂਆਂ ਦੇ ਰਿਕਸ਼ੇ ਚਲਾਉਣ ਦੇ ਧੰਧੇ ਚੌਪਟ ਹੋ ਗਏ । ਇਸ ਸੰਬੰਧੀ ਪ੍ਰੋ. ਕਿਸ਼ਨ ਸਿੰਘ ਲਿਖਦੇ ਹਨ ਕਿ "ਨਤੀਜਾ ਇਹ ਨਿਕਲਿਆ ਹੈ ਕਿ ਪਿੰਡੋਂ ਉਜੜ ਕੇ ਆਇਆਂ ਵਾਸਤੇ ਸਾਡੇ ਸ਼ਹਿਰਾਂ ਕੋਲ ਉਹਨਾਂ ਨੂੰ ਦੇਣ ਦਾ ਕੋਈ ਕੰਮ ਨਹੀ. ਪਿੰਡੋਂ ਉਜੜਨ ਵਾਲੇ ਤਪਦੀ ਕੜਾਹੀ ਵਿਚੋਂ ਨਿਕਲ ਕੇ ਬਲਦੀ ਭੱਠੀ ਵਿੱਚ ਪੈਂਦੇ ਹਨ।"[10]

ਬਸਤੀਵਾਦੀ ਦੌਰ ਵਿਚ ਭਾਰਤ ਇਕ ਵਿਕਾਸਸ਼ੀਲ ਦੇਸ਼ ਹੈ ਅਤੇ ਵਿਕਸਿਤ ਦੇਸ਼ਾ ਲਈ ਇਹ ਧਰਤੀ ਸਿਰਫ਼ ਇਕ ਮੰਡੀ ਹੈ। ਇਥੇ ਕਾਰਖਾਲੇ ਲਗ ਰਹੇ ਹਨ ਉਹਨਾਂ ਵਿਚ ਮਾਲ ਵੀ ਬਣ ਰਿਹਾ ਹੈ ਪਰੰਤੂ ਇਥੋਂ ਦੀ ਵੱਸੋਂ ਕੋਲ ਉਸ ਤਿਆਰ ਮਾਲ ਨੂੰ ਖਰੀਦਣ ਲਈ ਪੈਸਾ ਨਹੀ ਹੈ। ਮਜਦੂਰ ਵਰਗ ਜਿੱਥੇ ਕਾਰਖਾਨਿਆਂ ਦੀਆਂ ਚਿਮਨੀਆਂ ਵਾਂਗ ਜਿੱਥੇ ਕਾਲੇ ਧੂਏ ਵਿਚ ਆਪਣੇ ਜੀਵਨ ਨੂੰ ਗਾਲ ਰਿਹਾ ਹੈ। ਭ੍ਰਸ਼ਟ ਰਾਜਨੀਤੀ ਅਤੇ ਧਰਮ ਦੇ ਨਾਂ ਤੇ ਕੀਤੇ ਕਰਮਕਾਂਡਾ ਵਿਚ ਆਪਣੇ ਆਪ ਨੂੰ ਗਲਤਾਨ ਕਰਕੇ ਭਾਰਤ ਦੀ ਜਨਮਾ ਵਿਕਸਿਤ ਭਾਰਤ ਦੇ ਸੁਪਨੇ ਵੇਖ ਰਹੀ ਹੈ। ਸਾਡੇ ਦੇਸ਼ ਦੀਆਂ ਆਰਥਿਕ ਨੀਤੀਆਂ ਆਮ ਲੋਕਾਂ ਲਈ ਲਾਹੇਵੰਦ ਨਾ ਹੋ ਕੇ ਵਿਸ਼ਵ ਮੰਡੀ ਦੇ ਮੁਨਾਫ਼ੇ ਤੇ ਆਧਾਰਿਤ ਹਨ।

ਭਾਰਤ ਦੀ ਰਾਜ-ਸੱਤਾ ਉਪਰ ਕਾਬਜ ਧਿਰਾਂ ਨੇ ਜਾਤ-ਪਾਤ ਨੂੰ ਹਮੇਸ਼ਾ ਆਪਣੇ ਮਤਲਬ ਲਈ ਵਰਤਿਆ ਹੈ ਜਿਸ ਦਾ ਨਤੀਜਾ ਅਸੀ ਸਮੇਂ-ਸਮੇਂ 1947 ਦੀ ਕਤਲੋ ਗਾਰਤ. 1984 ਦੇ ਸਿੱਖ ਵਿਰੋਧੀ ਦੰਗੇ. ਬਾਬਰੀ ਮਸੀਤ ਕਾਂਡ ਅਤੇ ਗੋਧਰਾ ਕਾਂਡ ਦੇ ਰੂਪ ਵਿਚ ਵੇਖਦੇ ਆਏ ਹਾਂ। ਵਰਣ-ਵਿਵਸਥਾ ਰਾਹੀ ਇਸ ਭਾਰਤ ਦੇਸ ਦੇ ਕਿਰਤੀ ਵਰਗ ਨੂੰ ਸੂਦਰ ਦਾ ਦਰਜਾ ਦੇ ਦਿੱਤਾ ਗਿਆ ਅਤੇ ਵਿਹਲੜਾਂ ਨੂੰ ਉਹਨਾਂ ਉੱਤੇ ਰਾਜਨੀਤੀ ਅਤੇ ਧਾਰਮਿਕ ਆਗੂਆਂ ਦੇ ਰੂਪ ਵਿਚ ਰਾਜ ਕਰਨ ਲਈ ਬਿਠਾ ਦਿੱਤਾ ਗਿਆ। "ਜਦੋਂ ਵੀ ਕਿਰਤੀ ਵਰਗ ਦੇ ਲੋਕਾਂ ਵਿਚ ਜਮਾਤੀ ਚੇਤਨਾ ਉਭਰਨ ਲਗਦੀ ਹੈ ਤਾਂ ਹੁਕਮਰਾਨ ਧਰਮ ਦਾ ਮਸਲਾ ਖੜ੍ਹਾ ਕਰਕੇ ਉਹਨਾਂ ਦੀ ਜਮਾਤੀ ਚੇਤਨਾ ਨੂੰ ਖੁੰਢਾ ਕਰ ਦਿੰਦੇ ਹਨ।"[11]

ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਕਿਰਤੀ ਵਰਗ ਜਿਸ ਵਿਚ ਕਿਸਾਨ ਅਤੇ ਦਲਿਤ ਵਰਗ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਭਾਰਤ ਵਰਗੇ ਦੇਸ਼ ਵਿਚ ਆਰਥਿਕ. ਸਮਾਜਿਕ ਤੇ ਰਾਜਨੀਤਕ ਢਾਂਚਾ ਆਪਣੀ ਖਸਤਾ ਹਾਲਤ ਵਿਚ ਹੈ। "ਪੂੰਜੀਵਾਦੀ ਅਰਥਚਾਰੇ ਨੇ ਜਿੱਥੇ ਸਮਾਜ ਦੇ ਇਕ ਵੱਡੇ ਤਬਕੇ ਨੂੰ ਹਾਸ਼ੀਏ ਤੇ ਧੱਕਿਆ ਹੈ ਅਤੇ ਪੂੰਜੀ ਦਾ ਇੱਕਤਰੀਕਰਨ ਮੁੱਠੀ ਭਰ ਲੋਕਾਂ ਦੇ ਹੱਥਾਂ ਵਿਚ ਕੀਤਾ ਹੈ. ਉਥੇ ਨਾਲ ਹੀ ਪੂੰਜੀਵਾਦੀ ਕਦਰਾਂ-ਕੀਮਤਾਂ ਅਤੇ ਸਭਿਆਚਾਰ ਨੇ ਲੋਕਾਂ ਦੀ ਚੇਤਨਤਾ ਤੇ ਵੱਡਾ ਹਮਲਾ ਬੋਲ ਕੇ ਉਸਦਾ ਬਜਾਰੀਕਰਨ ਵੀ ਕੀਤਾ ਹੈ।"[12] ਗੁਰਦਿਆਲ ਸਿੰਘ ਆਪਣੇ ਨਾਵਲ ਸੰਸਾਰ ਰਾਹੀ ਅਜੋਕੇ ਵਿਕਾਸ ਮਾਡਲਾਂ ਦੀ ਆਲੋਚਨਾਤਮਕ ਵਿਆਖਿਆ ਕਰਦਾ ਹੈ ਅਤੇ ਇਹ ਦੱਸਣ ਦਾ ਜਤਨ ਕਰਦਾ ਹੈ ਕਿ ਪਿੰਡਾਂ ਵਿਚ ਪੂੰਜੀਵਾਦੀ ਕਦਰਾਂ-ਕੀਮਤਾਂ ਕਾਰਨ ਅਤੇ ਮੰਡੀ ਵਿਵਸਥਾ ਸਥਾਪਿਤ ਹੋ ਜਾਣ ਨਾਲ ਜਿੱਥੇ ਇਹ ਲੋਕ ਪੈਸਾ ਕਮਾਉਣ ਦੀ ਥਾਂ ਪੈਸਾ ਇੱਕਠਾ ਕਰਨ ਦੀ ਦੌੜ ਵਿਚ ਨੰਬਰ ਇਕ ਬਣਨਾ ਚਾਹੁੰਦੇ ਹਨ ਉਥੇ ਪੈਸੇ ਨੂੰ ਹੀ ਆਪਣਾ ਪੀਰ ਮੰਨ ਬੈਠਣ ਵਾਲੇ ਇਹ ਭਾਈਵਾਲ ਪੇਂਡੂ ਲੋਕ ਭਾਈਚਾਰਕ ਸਾਂਝੀਵਾਲਤਾ ਨੂੰ ਤੋੜ ਕੇ ਪਰੰਪਰਾਗਤ ਨਿੱਘ ਨੂੰ ਬਹੁਤ ਪਿੱਛੇ ਛੱਡ ਚੁੱਕੇ ਹਨ। ਸਥਿਤੀ ਇਹ ਹੋ ਨਿਬੜਦੀ ਹੈ ਕਿ "ਵਿਕਾਸ ਦੀਆਂ ਨੀਤੀਆਂ ਅਤੇ ਮਾਡਲ ਗਰੀਬ ਵਿਰੋਧੀ ਹੋ ਚੁੱਕੇ ਹਨ ਅਤੇ ਜਿਮੀਂਦਾਰ. ਕਾਰਖਾਨੇਦਾਰ ਅਤੇ ਪੁਲਿਸ ਤੰਤਰ ਜਿਹੀਆਂ ਸੰਸਥਾਵਾਂ ਇਸ ਵਿਕਾਸ ਦੀਆਂ ਹਾਮੀ ਭਰਦੀਆਂ ਹਨ ਅਤੇ ਸਾਧਨ ਵਿਹੂਣਾ ਤਬਕਾ ਇਸ ਵਿਕਾਸ ਮਾਡਲ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ।"[13]

ਗੁਰਦਿਆਲ ਸਿੰਘ ਦੇ ਨਾਵਲਾਂ ਦੇ ਪਾਤਰ ਜਗੀਰਦਾਰੀ ਖਾਸੇ ਵਾਲੀਆਂ ਮਾਨਵਤਾਵਾਦੀ ਸਦਾਚਾਰੀ ਕੀਮਤਾਂ ਵਿਚ ਜਿਉ ਰਹੇ ਹਨ। ਪੂੰਜੀਵਾਦੀ ਮਾਨਸਿਕਤਾ ਵਾਲੇ ਦੋਖੀ ਪਾਤਰਾਂ ਸਾਹਮਣੇ ਇਹਨਾਂ ਦੀ ਹਾਰ ਨਿਸ਼ਚਿਤ ਹੈ। ਸ਼੍ਰੇਣੀਬੱਧ ਸਮਾਜਕ ਵਿਵਸਥਾ



Scanned with OKEN Scanner
Scanned with OKEN Scanner

ਵਿਚ ਮਾਨਵੀ ਪ੍ਰਤੀਕ੍ਰਿਆਵਾਂ ਕਿਵੇਂ ਨਿਮਨ ਵਰਗ ਲਈ ਦੁਖਾਂਤ ਦਾ ਕਾਰਣ ਬਣ ਜਾਂਦੀਆਂ। ਇਸ ਨੂੰ ਗੁਰਦਿਆਲ ਸਿੰਘ ਕਟਾਖਸ਼ ਵਿਧੀ ਦੁਆਰਾ ਉਜਾਗਰ ਕਰਦਾ ਹੈ। ਆਮ ਲੋਕਾਂ ਨੂੰ ਮਾਨਸਿਕ ਤੌਰ ਤੇ ਗੁਲਾਮ ਬਣਾ ਕੇ ਪੂੰਜੀਵਾਦੀ ਤਾਕਤਾਂ ਸਾਡੇ ਕੋਲੋਂ ਉਹ ਕੁਝ ਕਰਵਾ ਰਹੀਆਂ ਹਨ ਜਿਹਨਾਂ ਦੀ ਪੇਸ਼ਕਾਰੀ ਗੁਰਦਿਆਲ ਸਿੰਘ ਆਪਣੇ ਨਾਵਲਾਂ ਵਿਚ ਬਾਖੂਬੀ ਕਰਦਾ ਰਿਹਾ ਹੈ। ਸਮੁੱਚੇ ਵਿਸ਼ਵੀਕਰਨ ਅਤੇ ਪੂੰਜੀਵਾਦ ਦੇ ਪ੍ਰਸਾਰ ਨੇ ਮਨੁੱਖ ਨੂੰ ਕੁਲ ਮਿਲਾ ਕੇ ਸੁੱਖ ਨਾਲੋਂ ਵਧੇਰੇ ਦੁੱਖ ਦਿੱਤਾ ਹੈ ਅਤੇ ਅੰਤਰਰਾਸ਼ਟਰੀ ਟੌਪਰ ਦੀ ਦੌੜ ਨੇ ਛੋਟੇ ਕਾਰੋਬਾਰਾਂ ਨੂੰ ਨਿਗਲ ਲਿਆ ਹੈ। ਇਹ ਹੀ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਪੇਸ਼ ਹੋਇਆ ਹੈ।

**ਹਵਾਲੇ ਤੇ ਟਿੱਪਣੀਆਂ -**


1. ਇੰਦਰਜੀਤ ਸਿੰਘ, ਸਮਕਾਲੀ ਪੰਜਾਬੀ ਸਾਹਿਤ ਅਤੇ ਵਿਸ਼ਵੀਕਰਨ, ਪੰਨਾ 120
2. ਸੰਪਾਦਕ ਡਾ. ਹਰਜੋਧ ਸਿੰਘ, ਗੁਰਦਿਆਲ ਸਿੰਘ ਦਾ ਬਿਰਤਾਂਤਕ ਪੈਰਾਡਾਈਮ, ਪੰਨਾ 10
3. ਉਹੀ, ਪੰਨਾ 92
4. ਖੋਜ ਦਰਪਣ, ਜੁਲਾਈ 1985, ਪੰਨਾ 41
5. ਸੰਪਾਦਕ ਡਾ. ਹਰਜੋਧ ਸਿੰਘ, ਗੁਰਦਿਆਲ ਸਿੰਘ ਦਾ ਬਿਰਤਾਂਤਕ ਪੈਰਾਡਾਈਮ, ਪੰਨਾ 181
6. ਉਹੀ, ਪੰਨਾ 210
7. ਉਹੀ, ਪੰਨਾ 260
8. ਉਹੀ, ਪੰਨੇ 263-264
9. ਉਹੀ, ਪੰਨਾ 270
10. ਉਹੀ, ਪੰਨਾ 274
11. ਉਹੀ, ਪੰਨਾ 280
12. ਉਹੀ, ਪੰਨਾ 282
13. ਉਹੀ, ਪੰਨਾ 285




Scanned with OKEN Scanner
Scanned with OKEN Scanner